ਦਫਤਰ ਨੋਡਲ ਅਫਸਰ ਗ੍ਰਾਮ ਪੰਚਾਇਤ ਚੋਣਾਂ -ਕਮ- ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ
email - ero94talwandisabo@gmail.com

ਡੀ-1

2024128905
9/10/2024

9/x

ਵੱਲ ,

(1) ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ, ਬਠਿੰਡਾ ।
(2) ਜ਼ਿਲਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ,ਬਠਿੰਡਾ ।

ਵਿਸ਼ਾ- ਗ੍ਰਾਮ ਪੰਚਾਇਤ ਚੋਣਾਂ 2024 : ਪੋਲਿੰਗ ਬੂਥਾਂ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਗ੍ਰਾਮ ਸਭਾ ਲਈ ਚੋਣਾਂ 15.10.2024 ਨੂੰ ਹੋਣ ਜਾ ਰਹੀਆਂ ਹਨ । ਜਿਸ ਸਬੰਧੀ ਗ੍ਰਾਮ ਪੰਚਾਇਤ ਚੋਣਾਂ ਬਲਾਕ ਤਲਵੰਡੀ ਸਾਬੋ ਦੇ ਬੂਥ ਆਪ ਅਧੀਨ ਪੈਂਦੇ ਸਕੂਲਾਂ ਦੀਆਂ ਬਿਲਡਿੰਗਾਂ ਵਿੱਚ ਹਨ ।ਇਹਨਾਂ ਬੂਥਾਂ ਸਬੰਧੀ ਬਿਲਡਿੰਗਾਂ ਵਿਚਲੀਆਂ ਹੇਠ ਲਿਖੇ ਅਨੁਸਾਰ ਮੁਢਲੀਆਂ ਸਹੂਲਤਾਂ ਦੀ ਜਾਂਚ ਚੰਗੀ ਤਰਾਂ ਕਰ ਲਈ ਜਾਵੇ ਅਤੇ ਲੋੜ ਅਨੁਸਾਰ ਰਿਪੇਅਰ/ਪ੍ਰਬੰਧ ਕਰਵਾ ਲਏ ਜਾਣ -

(1) ਪੋਲਿੰਗ ਸਟੇਸ਼ਨ ਲੋਕੇਸ਼ਨਾਂ ਤੇ ਜੇਕਰ ਜਰਨੇਟਰ/ਇੰਨਵਰਟਰ ਦੀ ਵਿਵਸਥਾ ਹੈ ਅਤੇ ਚਾਲੂ ਹਾਲਤ ਵਿੱਚ ਨਹੀਂ ਹਨ , ਉਹਨਾਂ ਦੀ ਰੀਪੇਅਰ ਕਰਵਾ ਕੇ ਤੁਰੰਤ ਚਾਲੂ ਹਾਲਤ ਵਿੱਚ ਕਰਵਾਇਆ ਜਾਵੇ।
(2) ਪੋਲਿੰਗ ਸਟੇਸ਼ਨ ਲੋਕੇਸ਼ਨਾਂ ਤੇ ਜੇਕਰ ਆਰ.ਓ ਵਾਟਰ ਸਿਸਟਮ ਦੀ ਵਿਵਸਥਾ ਹੈ ਅਤੇ ਚਾਲੂ ਹਾਲਤ ਵਿੱਚ ਨਹੀਂ ਹਨ , ਉਹਨਾਂ ਦੀ ਰੀਪੇਅਰ ਕਰਵਾ ਕੇ ਤੁਰੰਤ ਚਾਲੂ ਹਾਲਤ ਵਿੱਚ ਕਰਵਾਇਆ ਜਾਵੇ।
(3) ਪੋਲਿੰਗ ਸਟੇਸ਼ਨ ਲੋਕੇਸ਼ਨ ਦੀ ਬਿਜਲੀ ਸਪਲਾਈ ਚੈਕ ਕੀਤੀ ਜਾਵੇ ਅਤੇ ਸਬੰਧਤ ਕਮਰਿਆਂ ਵਿੱਚ ਰੌਸ਼ਨੀ ਦਾ ਪ੍ਰਬੰਧ ਕਰਨ ਲਈ ਬੱਲਬ ਆਦਿ ਲਗਵਾ ਦਿੱਤੇ ਜਾਣ।
(4) ਪੋਲਿੰਗ ਸਟੇਸ਼ਨ ਲੋਕੇਸ਼ਨ ਤੇ ਬੂਥਾਂ ਦੇ ਕਮਰਿਆਂ ਵਿੱਚ ਲੱਗੇ ਸੀਲਿੰਗ ਫੈਨ/ਕੂਲਰ ਚਾਲੂ ਹਾਲਾਤ ਵਿੱਚ ਕੀਤੇ ਜਾਣ।
(5) ਪੋਲਿੰਗ ਸਟੇਸ਼ਨਾਂ ਲੋਕੇਸ਼ਨਾਂ ਤੇ ਪੋਲਿੰਗ ਪਾਰਟੀਆਂ ਲਈ ਲੋੜੀਂਦੇ ਫਰਨੀਚਰ ਆਦਿ ਉਪਲਬਧ ਕਰਵਾਇਆ ਜਾਵੇ।
(6) ਕਈ ਪੋਲਿੰਗ ਸਟੇਸ਼ਨਾਂ ਤੇ ਬਾਥਰੂਮ ਪ੍ਰਬੰਧ ਠੀਕ ਨਹੀਂ ਹਨ , ਇਸ ਲਈ ਬਾਥਰੂਮਾਂ ਨੂੰ ਚਾਲੂ ਹਾਲਤ ਵਿੱਚ ਕੀਤਾ ਜਾਵੇ ਅਤੇ ਸਫਾਈ ਆਦਿ ਕਰਵਾਈ ਜਾਵੇ।
(7) ਪੋਲਿੰਗ ਸਟੇਸ਼ਨ ਬਿਲਡਿੰਗਾਂ ਲਈ ਸਫਾਈ ਪ੍ਰਬੰਧ ਲਈ ਇੱਕ ਦਰਜਾ ਚਾਰ ਕਰਮਚਾਰੀ ਦੀ ਪੱਕੀ ਡਿਊਟੀ ਲਗਾਈ ਜਾਵੇ ਅਤ ਪੂਰਨ ਸਫਾਈ ਕਰਵਾਈ ਜਾਵੇ।
(8) ਪੋਲਿੰਗ ਸਟੇਸ਼ਨਾਂ ਤੇ ਰੈਂਪ ਅਤੇ ਰੇਲਿੰਗ ਦੀ ਵਿਵਸਥਾ ਯਕੀਨੀ ਬਣਾਈ ਜਾਵੇ।
(9) ਪੋਲਿੰਗ ਸਟੇਸ਼ਨਾਂ ਦੇ ਕਮਰਿਆਂ ਦੇ ਦਰਵਾਜੇ , ਖਿੜਕੀਆਂ ਆਦਿ ਚੈਕ ਕੀਤੀਆਂ ਜਾਣ ਅਤੇ ਲੋੜੀਂਦੀ ਮੁਰੰਮਤ ਕਰਵਾਈ ਜਾਵੇ।

ਨੋਡਲ ਅਫਸਰ, ਗ੍ਰਾਮ ਪੰਚਾਇਤ ਚੋਣਾਂ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਪਿੱਠ:ਅੰਕਣ:ਨੰਬਰ.1025-1030./ਚੋਣਾਂ ਮਿਤੀ.09-10-2024......

ਉਪਰੋਕਤ ਦਾ ਉਤਾਰਾ-

(1) ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਬਠਿੰਡਾ ਜੀ ਨੂੰ ਸੂਚਨਾ ਹਿੱਤ।
(2) ਸਮੂਹ ਆਰ.ਓਜ਼ ਬਲਾਕ ਤਲਵੰਡੀ ਸਾਬੋ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।
(3) ਬੀ.ਡੀ.ਪੀ.ਓ ਤਲਵੰਡੀ ਸਾਬੋ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।
(4) ਸਮੂਹ ਸੁਪਰਵਾਈਜਰ ਗ੍ਰਾਮ ਪੰਚਾਇਤ ਚੋਣਾਂ ਬਲਾਕ ਤਲਵੰਡੀ ਸਾਬੋ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਬੂਥਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਇਸ ਸਬੰਧੀ ਰਿਪੋਰਟ 11.10.2024 ਤੱਕ ਭੇਜੀ ਜਾਵੇ।

ਨੋਡਲ ਅਫਸਰ, ਗ੍ਰਾਮ ਪੰਚਾਇਤ ਚੋਣਾਂ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2024/ 6181 ਮਿਤੀ: 09-10-24

ਉਪਰੋਕਤ ਦਾ ਉਤਾਰਾ ਸਮੂਹ ਸੁਪਰਵਾਈਜਰ ਬਲਾਕ ਤਲਵੰਡੀ ਸਾਬੋ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਬੂਥਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਇਸ ਦੀ ਰਿਪੋਰਟ 11.10.24 ਤੱਕ ਭੇਜਣੀ ਯਕੀਨੀ ਬਣਾਈ ਜਾਵੇ ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।

Scanned with OKEN Scanner